**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,**
**ਐਸ. ਸੀ. ਓ ਨੰ. 104-106, ਸੈਕਟਰ 34 ਏ, ਚੰਡੀਗੜ੍ਹ**

ਸੇਵਾ ਵਿਖੇ

ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਅਤੇ (ਐ.ਸਿ.)

ਮੀਮੋ ਨੰ ਸਸਅ/ਐਚਆਰ/38493-535
ਮਿਤੀ ਚੰਡੀਗੜ੍ਹ 25 ਮਈ, 2010

**ਵਿਸ਼ਾ** **ਸਿੱਖਿਆ ਸਰਵਿਸ ਪ੍ਰੋਵਾਈਡਰਜ਼ ਅਤੇ ਟੀਚਿੰਗ ਫੈਲੋਜ਼ ਦੀ ਸਾਲ 2010-11 ਦੌਰਾਨ ਬਦਲੀਆਂ ਸਬੰਧੀ ਨੀਤੀ ।**

1.0 ਉਪਰੋਕਤ ਵਿਸ਼ੇ ਤੇ ਆਪ ਜੀ ਦਾ ਧਿਆਨ ਸਰਕਾਰ ਦੇ ਮੀਮੋ ਨੰ 5/8/2009/1ਸਿ7/2434-2535 ਮਿਤੀ 30.4.2010 / 3.5.2010 ਵੱਲ ਦਵਾਇਆ ਜਾਂਦਾ ਹੈ ਜਿਸ ਰਾਹੀਂ ਆਪ ਜੀ ਨੂੰ ਦੱਸਿਆ ਗਿਆ ਹੈ ਕਿ ਸਰਕਾਰ ਵੱਲੋਂ ਜਾਰੀ ਕੀਤੀ ਗਈ ਪਾਲਿਸੀ ਤਹਿਤ ਸਿੱਖਿਆ ਸਰਵਿਸ ਪ੍ਰੋਵਾਈਡਰਜ਼ ਅਤੇ ਟੀਚਿੰਗ ਫੈਲੋਜ਼ ਦੀਆਂ ਬਦਲੀਆਂ ਸਿਰਫ ਕੰਡੀ/ਬਾਰਡਰ/ਬੇਟ ਏਰੀਆ ਦੇ ਸੀ ਅਤੇ ਡੀ ਕੈਟਾਗਰੀ ਦੇ ਸਕੂਲਾਂ ਵਿੱਚ ਹੀ ਕੀਤੀਆਂ ਜਾਣ ।

2.0 ਕੁੱਝ ਇਕ ਜ਼ਿਲ੍ਹਿਆਂ ਦੇ ਵਿੱਚ ਕੰਡੀ/ਬਾਰਡਰ/ਬੇਟ ਏਰੀਆ ਨਹੀਂ ਹੈ ਜਦੋਂ ਕਿ ਇਨ੍ਹਾਂ ਜ਼ਿਲ੍ਹਿਆਂ ਵਿੱਚ ਟੀਚਿੰਗ ਫੈਲੋ ਅਤੇ ਸਿੱਖਿਆ ਸਰਵਿਸ ਪ੍ਰੋਵਾਈਡਰ ਲਗਾਏ ਹੋਏ ਹਨ । ਇਨ੍ਹਾਂ ਜ਼ਿਲ੍ਹਿਆਂ ਦੇ ਜ਼ਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਸੱਪਸ਼ਟੀਕਰਨ ਮੰਗੇ ਜਾ ਰਹੇ ਹਨ ਕਿ ਉਨ੍ਹਾਂ ਦੇ ਜ਼ਿਲ੍ਹਿਆਂ ਵਿੱਚ ਇਨ੍ਹਾਂ ਅਸਾਮੀਆਂ ਦੀਆਂ ਬਦਲੀਆਂ ਕਰਨੀਆਂ ਹਨ ਜਾਂ ਨਹੀਂ ? ਇਹ ਸੱਪਸ਼ਟ ਕੀਤਾ ਜਾਂਦਾ ਹੈ ਕਿ ਜਿਨ੍ਹਾਂ ਜ਼ਿਲ੍ਹਿਆਂ ਵਿੱਚ ਕੰਡੀ/ਬੇਟ/ਬਾਰਡ ਏਰੀਆ ਨਹੀਂ ਹਨ, ਵਿੱਚ ਇਨ੍ਹਾਂ ਦੀਆਂ ਬਦਲੀਆਂ ਦੀ ਕੋਈ ਮਨਾਹੀ ਨਹੀਂ, ਪਰੰਤੂ ਇਨ੍ਹਾਂ ਕਰਮਚਾਰੀਆਂ ਦੀ ਸਿਰਫ ਸੀ ਅਤੇ ਡੀ ਕੈਟਾਗਰੀ ਦੇ ਸਕੂਲਾਂ ਵਿੱਚ ਹੀ ਬਦਲੀ ਕੀਤੀ ਜਾਣੀ ਹੈ । ਕਿਸੇ ਵੀ ਹਾਲਤ ਵਿੱਚ ਇਨ੍ਹਾਂ ਕਰਮਚਾਰੀਆਂ ਦੀ ਬਦਲੀ ਏ ਅਤੇ ਬੀ ਕੈਟਾਗਰੀ ਦੇ ਸਕੂਲਾਂ ਵਿੱਚ ਨਹੀਂ ਕੀਤੀ ਜਾਣੀ ਹੈ।

3.0 ਉਕਤ ਹਦਾਇਤਾਂ ਅਨੁਸਾਰ ਲੋੜੀਂਦੀ ਕਾਰਵਾਈ ਜ਼ਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਕਰ ਲਈ ਜਾਵੇ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਪਿਠ ਅੰਕਣ ਨੰ ਸਸਅ/ਐਚਆਰ/38493-535 ਮਿਤੀ 25 ਮਈ, 2010

ਇਸ ਦਾ ਇਕ ਉਤਾਰਾ ਮੰਡਲ ਸਿੱਖਿਆ ਅਫਸਰ, ਨਾਭਾ, ਜਲੰਧਰ ਅਤੇ ਫਰੀਦਕੋਟ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ